The true picture of your local community
ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

26 April 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਇਮੀਗਰੇਸ਼ਨ ਨਿਊਜ਼ੀਲੈਂਡ ਨੇ ਕ੍ਰਾਈਸਟਚਰਚ ਹਮਲੇ ਦੇ ਪੀੜ੍ਹਤਾਂ ਨੂੰ ਦਿੱਤੀ ਰਾਹਤ, ਮਿਲ ਸਕਦੀ ਪੀ ਆਰ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵੈਸੇ ਤਾਂ ਇਮੀਗਰੇਸ਼ਨ ਨਿਊਜ਼ੀਲੈਂਡ ਪਰਵਾਸੀਆਂ ਦੇ ਹੱਕ 'ਚ ਬਹੁਤ ਘੱਟ ਫੈਸਲੇ ਲੈਂਦੀ ਹੈ ਪਰ ਇਸ ਵਾਰ ਇਮੀਗਰੇਸ਼ਨ ਨਿਊਜ਼ੀਲੈਂਡ ਨੇ ਫਰਾਖ ਦਿਲ ਵਿਖਾਈ ਹੈ ਅਤੇ ਉਸ ਨੇ ਕ੍ਰਾਈਸਟਚਰਚ ਹਮਲੇ ਦੇ ਪੀੜ੍ਹਤ ਪਰਿਵਾਰਾਂ ਨੂੰ ਪੱਕੀ ਰਿਹਾਇਸ਼ ਵਾਲੇ ਵੀਜੇ ਦੇਣ ਦੀ ਪਹਿਲ ਕਦਮੀ ਕੀਤੀ ਹੈ। ਇਸ ਦੇ ਤਹਿਤ 24 ਅਪ੍ਰੈਲ ਤੋਂ ਵਿਸ਼ੇਸ਼ ਵੀਜ਼ੇ "ਕ੍ਰਾਈਸਟਚਰਚ ਰਿਸਪੌਂਸ (2019) ਪਰਮਾਨੈਂਟ ਰੈਜੀਡੈਂਟ ਵੀਜਾ" ਤਹਿਤ ਰੈਜੀਡੈਂਟ ਵੀਜੇ ਲਈ ਦੋ ਸਾਲ ਦੇ ਅੰਦਰ-ਅੰਦਰ 23 ਅਪ੍ਰੈਲ 2021 ਤੱਕ ਅਪਲਾਈ ਕਰ ਸਕਦੇ ਹਨ। ਉਨ੍ਹਾਂ ਪਰਿਵਾਰਕ ਮੈਂਬਰਾਂ ਨੂੰ ਵੀਜ਼ੇ ਲਈ ਵਿਚਾਰਿਆ ਹੈ ਜੋ ਹਮਲੇ ਵਾਲੇ ਦਿਨ ਕ੍ਰਾਈਸਟਚਰਚ ਦੀ ਅਲ ਨੂਰ ਮਸਜਿਦ ਜਾਂ ਲਿਨਵੁੱਡ ਰੋਡ ਮਸਜਿਦ 'ਚ ਮੌਜੂਦ ਸਨ। ਇਸ ਨਾਲ ਲੱਗਭਗ 190 ਲੋਕਾਂ ਨੂੰ ਰਾਹਤ ਮਿਲੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਇਮੀਗਰੇਸ਼ਨ ਨਿਊਜ਼ੀਲੈਂਡ ਦੀ ਵੈਬਸਾਈਟ ਵੇਖੀ ਜਾ ਸਕਦੀ ਹੈ।

## ਹਮਲੇ ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਨਿਊਜ਼ੀਲੈਂਡ ਪੁੱਜੇ ਪ੍ਰਿੰਸ ਵਿਲੀਅਮ



ਵਲਿੰਗਟਨ— ਇੰਗਲੈਂਡ ਦੇ ਪ੍ਰਿੰਸ ਵਿਲੀਅਮ ਦੋ ਦਿਨਾਂ ਦੀ ਯਾਤਰਾ 'ਤੇ ਨਿਊਜ਼ੀਲੈਂਡ ਪੁੱਜੇ ਹਨ। ਉਹ ਯੁੱਧ ਸਮੇਂ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਦੇਣ ਅਤੇ ਪਿਛਲੇ ਮਹੀਨੇ ਕ੍ਰਾਈਸਟਚਰਚ ਦੀਆਂ ਦੋ ਮਸਜਿਦਾਂ 'ਚ ਹੋਏ ਹਮਲਿਆਂ ਦੇ ਪੀੜਤਾਂ ਨੂੰ ਮਿਲਣ ਲਈ ਵੀਰਵਾਰ ਨੂੰ ਨਿਊਜ਼ੀਲੈਂਡ ਪੁੱਜੇ।'ਡਿਊਕ ਆਫ ਕੈਂਬ੍ਰਿਜ' ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨਾਲ ਵੀਰਵਾਰ ਸਵੇਰੇ ਆਕਲੈਂਡ 'ਚ 'ਏਂਜੈਕ ਦਿਵਸ' 'ਤੇ ਆਯੋਜਿਤ ਪ੍ਰਾਰਥਨਾ ਸਭਾ 'ਚ ਸ਼ਾਮਲ ਹੋਏ। ਇਸ ਦੌਰਾਨ ਵਿਲੀਅਮ ਨੇ ਆਪਣੀ ਦਾਦੀ ਅਤੇ ਮਹਾਰਾਣੀ ਐਲਿਜ਼ਾਬੈੱਥ ਦੂਜੀ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਅਮਰੀਕਾ ਦੇ ਮੈਮੋਰੀਅਲ ਦਿਵਸ ਦੀ ਤਰ੍ਹਾਂ ਨਿਊਜ਼ੀਲੈਂਡ 'ਚ 'ਏਂਜੈਕ ਦਿਵਸ' 'ਤੇ ਛੁੱਟੀ ਹੁੰਦੀ ਹੈ। ਵਿਲੀਅਮਜ਼ ਵੀਰਵਾਰ ਦੁਪਹਿਰ ਨੂੰ ਕ੍ਰਾਈਸਟਚਰਚ ਲਈ ਰਵਾਨਾ ਹੋਣਗੇ, ਜਿੱਥੇ 15 ਮਾਰਚ ਨੂੰ ਦੋ ਮਸਜਿਦਾਂ 'ਤੇ ਹੋਏ ਹਮਲਿਆਂ 'ਚ 50 ਲੋਕਾਂ ਦੀ ਮੌਤ ਹੋ ਗਈ ਸੀ। ਇਸ ਪਿੱਛੇ ਇਕ ਆਸਟ੍ਰੇਲੀਅਨ ਦਾ ਹੱਥ ਸੀ, ਜੋ ਹਿਰਾਸਤ 'ਚ ਹੈ। ਉਹ ਸ਼ੁੱਕਰਵਾਰ ਨੂੰ ਇਨ੍ਹਾਂ ਦੋਹਾਂ ਮਸਜਿਦਾਂ 'ਚ ਵੀ ਜਾਣਗੇ।

## ਅਗਸਤਾ ਵੈਸਟਲੈਂਡ : ਬ੍ਰਿਟਿਸ਼ ਲੀਗਲ ਟੀਮ ਨੇ ਭਾਰਤ 'ਤੇ ਮਿਸ਼ੇਲ ਨੂੰ ਤਸੀਹੇ ਦੇਣ ਦਾ ਲਾਇਆ ਦੋਸ਼

ਲੰਡਨ- 3600 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਦਲਾਲੀ ਮਾਮਲੇ ਵਿਚ ਨਵਾਂ ਮੋੜ ਆ ਗਿਆ ਹੈ। ਮਾਮਲੇ ਦੇ ਮੁਲਜ਼ਮ ਕ੍ਰਿਸ਼ਚੀਅਨ ਮਿਸ਼ੇਲ ਨੂੰ ਭਾਰਤ ਵਿਚ ਹਿਰਾਸਤ ਦੌਰਾਨ ਤਸੀਹੇ ਦੇਣ ਦਾ ਦੋਸ਼ ਲਾਇਆ ਗਿਆ ਹੈ। ਇਹ ਦੋਸ਼ ਬ੍ਰਿਟਿਸ਼ ਲੀਗਲ ਟੀਮ ਨੇ ਸੰਯੁਕਤ ਰਾਸ਼ਟਰ ਵਿਚ ਲਾਇਆ ਹੈ। ਟੀਮ ਦਾ ਕਹਿਣਾ ਹੈ ਕਿ ਮਿਸ਼ੇਲ ਨੂੰ ਗੈਰ-ਕਾਨੂੰਨੀ ਢੰਗ ਨਾਲ ਭਾਰਤ ਦੇ ਹਵਾਲੇ ਕੀਤਾ ਗਿਆ ਅਤੇ ਹੁਣ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਕੇ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਮਿਸ਼ੇਲ ਇਸ ਸਮੇਂ ਦਿੱਲੀ ਦੀ ਤਿਹਾੜ ਜੇਲ ਵਿਚ ਹੈ। ਮਿਸ਼ੇਲ ਦੀ ਪਟੀਸ਼ਨ 'ਤੇ ਫੈਸਲਾ ਰਾਖਵਾਂ ਦਿੱਲੀ ਦੀ ਇਕ ਅਦਾਲਤ ਨੇ ਮਿਸ਼ੇਲ ਦੀ ਪਟੀਸ਼ਨ 'ਤੇ ਵੀਰਵਾਰ ਆਪਣਾ ਫੈਸਲਾ ਰੱਖ ਲਿਆ। ਪਟੀਸ਼ਨ ਵਿਚ ਦੋਸ ਲਾਇਆ ਗਿਆ ਹੈ ਕਿ ਈ. ਡੀ. ਵਲੋਂ ਦੋਸ਼ ਪੱਤਰ ਮੀਡੀਆ ਨੂੰ ਲੀਕ ਕੀਤਾ ਗਿਆ ਅਤੇ ਇੰਝ ਸਾਰੇ ਮਾਮਲੇ ਦਾ ਸਿਆਸੀਕਰਨ ਹੋ ਰਿਹਾ ਹੈ।

## ਟਰੰਪ ਨੇ ਬਿਡੇਨ ਦੀ ਮਾਨਸਿਕਤਾ ਤੇ ਚੁੱਕਿਆ ਸਵਾਲ

ਵਾਸ਼ਿੰਗਟਨ— ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਚੋਣਾਂ 'ਚ ਸਫਲਤਾ ਲਈ ਜੋ ਬਿਡੇਨ ਦੀ ਮਾਨਸਿਕ ਸਮਰਥਾ ਨੂੰ ਲੈ ਕੇ ਵੀਰਵਾਰ ਨੂੰ ਸਵਾਲ ਚੁੱਕਿਆ। ਤਜ਼ਰਬੇਕਾਰ ਡੈਮੋਕ੍ਰੇਟਿਕ ਨੇਤਾ ਬਿਡੇਨ 2020 'ਚ ਹੋਣ ਵਾਲੀਆਂ ਰਾਸ਼ਟਰਪਤੀ ਅਹੁਦੇ ਦੀਆਂ ਚੋਣਾਂ ਦੀ ਦੌੜ 'ਚ ਸ਼ਾਮਲ ਹੋ ਗਏ ਹਨ।



ਟਰੰਪ ਨੇ ਟਵਿਟਰ 'ਤੇ ਕਿਹਾ ਕਿ ਚੋਣ ਦੌੜ 'ਚ ਸ਼ਾਮਲ ਹੋਣ 'ਤੇ ਉਨ੍ਹਾਂ ਦਾ ਸਵਾਗਤ ਹੈ। ਉਹ ਉਮੀਦ ਕਰਦੇ ਹਨ ਕਿ ਚੋਣ ਦੌੜ 'ਚ ਸਫਲਤਾ ਲਈ ਬਿਡੇਨ ਕੋਲ ਸਮਝ ਹੋਵੇ ਹਾਲਾਂਕਿ ਉਨ੍ਹਾਂ ਨੂੰ ਇਸ 'ਤੇ ਸ਼ੱਕ ਹੈ। ਜ਼ਿਕਰਯੋਗ ਹੈ ਕਿ ਬਿਡੇਨ ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਹੈ।

## ਓਬਾਮਾ ਦੇ ਬੈਸਟ ਫ੍ਰੈਂਡ ਲੜਨਗੇ 2020 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ

ਵਾਸ਼ਿੰਗਟਨ— ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਤੇ ਡੈਮੋਕ੍ਰੇਟਿਕ ਨੇਤਾ ਜੋ ਬਿਡੇਨ ਨੇ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਸਾਲ 2020 'ਚ ਹੋਣ ਵਾਲੀਆਂ ਚੋਣਾਂ ਲਈ ਆਪਣੀ ਉਮੀਦਵਾਰੀ ਦਾ ਅਧਿਕਾਰਿਤ ਐਲਾਨ ਕਰ ਦਿੱਤੀ ਹੈ। ਜੋ ਬਿਡੇਨ ਮੌਜੂਦਾ ਲੋਕਾਂ 'ਚ ਸਭ ਤੋਂ ਜ਼ਿਆਦਾ ਤਜ਼ਰਬੇਕਾਰ ਤੇ ਤਮਾਮ ਭਾਈਚਾਰਿਆਂ 'ਚ ਹਰਮਨਪਿਆਰੇ ਹਨ। ਉਹ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਰੀਬੀ ਹਨ ਤੇ ਓਬਾਮਾ ਉਨ੍ਹਾਂ ਨੂੰ ਆਪਣਾ ਬੈਸਟ ਫ੍ਰੈਂਡ ਤੱਕ ਕਹਿੰਦੇ ਹਨ। ਅਮਰੀਕਾ ਦੇ ਰਾਸ਼ਟਰਪਤੀ ਚੋਣਾਂ ਦੀ ਰੇਸ 'ਚ ਹੁਣ ਤੱਕ 20 ਤੋਂ ਜ਼ਿਆਦਾ ਨਾਂ ਜੁੜ ਚੁੱਕੇ ਹਨ। ਹਾਲ ਹੀ 'ਚ ਮੈਸਾਚਯੁਸੇਟਸ ਦੇ ਡੈਮੋਕ੍ਰੇਟਿਕ ਸੰਸਦ ਮੈਂਬਰ ਸੈੱਥ ਮੋਲਟਨ ਨੇ ਵੀ 2020 ਦੇ ਪ੍ਰੈਸੀਡੈਂਸ਼ਲ ਇਲੈਕਸ਼ਨ 'ਚ ਕਿਸਮਤ ਅਜ਼ਮਾਉਣ ਦਾ ਐਲਾਨ ਕੀਤਾ ਸੀ।

ਡੈਮੋਕ੍ਰੇਟਿਕ ਪਾਰਟੀ ਦੇ ਹਾਈ ਪ੍ਰੋਫਾਈਲ ਨਾਂ ਮੈਦਾਨ 'ਚ

ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਮੈਂਬਰ ਤੁਲਸੀ ਗਬਾਰਡ ਨੇ ਵੀ ਅਧਿਕਾਰਿਤ ਤੌਰ 'ਤੇ ਸਾਲ 2020 'ਚ ਹੋਣ ਵਾਲੇ ਰਾਸ਼ਟਰਪਤੀ ਚੋਣਾਂ 'ਚ ਅਧਿਕਾਰਿਤ ਤੌਰ 'ਤੇ ਆਪਣੀ ਉਮੀਦਵਾਰੀ ਦਾ ਐਲਾਨ ਕਰ ਦਿੱਤਾ ਹੈ। ਤੁਲਸੀ ਨੇ ਹਵਾਈ ਦੇ ਹੋਨੋਲੂਲੂ ਦੇ ਵਾਈਕਿਕਿ ਤੋਂ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਹਵਾਈ 'ਚ ਹਿੰਦੂ ਅਮਰੀਕੀਆਂ ਖਾਸਕਰਕੇ ਭਾਰਤੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਤੁਲਸੀ ਨੇ ਕਿਹਾ ਕਿ ਜਦੋਂ ਅਸੀਂ ਅੱਗੇ ਵਧਾਂਗੇ ਤਾਂ ਦੇਸ਼ ਦੀ ਸੇਵਾ ਲਈ ਤੇ ਅਮਰੀਕੀਆਂ ਲਈ ਲੜਨ ਦੇ ਮਕਸਦ ਨਾਲ ਆਪਣੇ ਹਿੱਤਾਂ ਨੂੰ ਕਿਨਾਰੇ ਕਰ ਦਿੰਦੇ ਹਾਂ। ਅਸੀਂ ਇਕ ਹੋ ਕੇ ਸੰਗ ਠਿਤ ਤੇ ਇਕ-ਦੂਜੇ ਲਈ ਤੇ ਦੇਸ਼ ਦੇ ਲਈ ਪਿਆਰ ਦੀ ਭਾਵਨਾ ਦਿਲ 'ਚ ਰੱਖ ਕੇ ਸੇਵਾ ਲਈ ਅੱਗੇ ਆਉਂਦੇ ਹਨ।

# ਅੰਤਰਰਾਸ਼ਟਰੀ ਭਾਰਤੀ ਵਿਦਿਆਰਥੀਆਂ ਦੇ ਸੰਘਰਸ਼ ਦੀ ਜਿੱਤ

ਆਕਲੈਂਡ : (ਅਨੂ ਕਲੋਟੀ) ਮਈ 2016 ਵਿੱਚ ਸ਼ੁਰੂ ਹੋਏ ਲੰਮੇ ਸੰਘਰਸ਼ ਦੀ ਕਰੀਬ ਤਿੰਨ ਸਾਲ ਬਾਅਦ ਨਿਊਜ਼ੀਲੈਂਡ ਤੋਂ ਡਿਪੋਰਟ ਕੀਤੇ ਗਏ ਅੰਤਰਰਾਸ਼ਟਰੀ ਭਾਰਤੀ ਵਿਦਿਆਰਥੀਆਂ ਨੂੰ ਜਿੱਤ ਪ੍ਰਾਪਤ ਹੋਈ ਹੈ। ਬੇਸ਼ੱਕ ਇਹ ਜਿੱਤ ਅੰਸ਼ਕ ਹੈ, ਕਿਓਂਕਿ ਨਿਊਜ਼ੀਲੈਂਡ ਸਰਕਾਰ ਨੇ 11 ਵਿੱਚੋਂ ਫ਼ਿਲਹਾਲ ਸਿਰਫ਼ ਤਿੰਨ ਵਿਦਿਆਰਥੀਆਂ ਨੂੰ ਨਿਊਜ਼ੀਲੈਂਡ ਵਾਪਸ ਪਰਤਣ ਦੀ ਇਜਾਜ਼ਤ ਦਿੱਤੀ ਹੈ। ਬਾਕੀ ਵਿਦਿਆਰਥੀਆਂ ਅਤੇ ਸਮਰਥਕ ਜਥੇਬੰਦੀਆਂ ਦਾ ਸੰਘਰਸ਼ ਅੱਜ ਵੀ ਜਾਰੀ ਹੈ। ਵਿਦਿਆਰਥੀਆਂ ਦੇ ਡਿਪੋਰਟ ਕੀਤੇ ਜਾਣ ਦਾ ਕਾਰਣ ਸੀ ਭਾਰਤ ਬੈਠੇ ਭ੍ਰਿਸ਼ਟ ਅਤੇ ਧੋਖੇਬਾਜ਼ ਏਜੈਂਟ, ਜਿਨ੍ਹਾਂ ਦੇ ਜ਼ਰੀਏ ਵਿਦਿਆਰਥੀਆਂ ਨੇ ਕਾਲਜਾਂ ਵਿਚ ਦਾਖਲੇ ਦੀਆਂ ਅਤੇ ਵੀਜ਼ਾ ਅਰਜ਼ੀਆਂ ਲਾਈਆਂ ਸਨ। ਕਾਲੇਜ ਦੀ ਫ਼ੀਸ ਭਰਨ ਦੇ ਨਾਲ ਨਾਲ, ਨਿਊਜ਼ੀਲੈਂਡ ਇਮੀਗ੍ਰੇਸ਼ਨ ਵਿਭਾਗ ਦੇ ਅਸੂਲਾਂ ਅਨੁਸਾਰ ਵਿਦਿਆਰਥੀਆਂ ਨੂੰ ਨਿਊਜ਼ੀਲੈਂਡ ਵਿੱਚ ਗੁਜ਼ਰ ਬਸਰ ਯੋਗ ਵਿੱਤੀ ਰਾਸ਼ੀ ਦੇ ਸਬੂਤ ਵੀ ਪੇਸ਼ ਕਰਨੇ ਪੈਂਦੇ ਹਨ। ਭਾਰਤ ਵਿੱਚ ਭ੍ਰਿਸ਼ਟ ਏਜੈਂਟਾਂ ਅਤੇ ਬੈਂਕ ਕਰਮਚਾਰੀਆਂ ਦੀ ਮਿਲੀ ਭੁਗਤ ਨਾਲ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਨਾਲ ਜਾਅਲੀ ਕਰਜ਼ਿਆਂ ਦੇ ਕਾਗਜ਼ਾਤ ਨੱਥੀ ਕੀਤੇ ਗਏ। ਪਰ ਇਸ ਧੋਖਾਧੜੀ ਦਾ ਨੁਕਸਾਨ ਪੂਰੀ ਤਰਾਂ ਬੇਕਸੂਰ ਵਿਦਿਆਰਥੀਆਂ ਨੂੰ ਹੀ ਪਹੁੰਚਿਆ ਜਦੋਂ ਨਿਊਜ਼ੀਲੈਂਡ ਸਰਕਾਰ ਨੇ ਏਜੈਂਟਾਂ ਖ਼ਿਲਾਫ਼ ਬਿਨਾਂ ਕੋਈ ਕਾਰਵਾਈ ਕੀਤੇ ਪੀੜਤ ਵਿਦਿਆਰਥੀਆਂ ਨੂੰ ਹੀ ਡਿਪੋਰਟ ਕਰ ਦਿੱਤਾ। 2016 ਦੇ ਅੰਕੜਿਆਂ ਮੁਤਾਬਿਕ ਕਰੀਬ 350 ਅੰਤਰਰਾਸ਼ਟਰੀ ਵਿਦਿਆਰਥੀ ਇਸ ਵਰਤਾਰੇ ਤੋਂ ਪ੍ਰਭਾਵਤ ਹੋਇਆ। ਪਰ ਹੈਰਾਨੀ ਹੁੰਦੀ ਹੈ ਕਿ ਸਿਰਫ਼ 15 ਵਿਦਿਆਰਥੀ ਇਨਸਾਫ਼ ਦੀਲੜਾਈ ਲੜਨ ਖਾਤਰ ਬਹਾਦਰੀ ਨਾਲ ਅੱਗੇ ਆਏ। ਉਹਨਾਂ ਵਿੱਚੋਂ ਵੀ ਕੁਝ ਆਪਣੀਆਂ ਮਜਬੂਰੀਆਂ ਕਾਰਣ ਸ਼ੁਰੂਆਤੀ ਦੌਰ ਵਿੱਚ ਹੀ ਪਿੜ ਛੱਡ ਗਏ। ਪਿੱਛੇ ਬਚੇ 11 ਵਿਦਿਆਰਥੀਆਂ ਨੇ ਭਾਰਤ ਪਰਤਨ ਤੋਂ ਪਹਿਲਾਂ ਜੀ ਜਾਨ ਨਾਲ ਇਨਸਾਫ਼ ਦੀ ਮੰਗ ਲਈ ਲਗਾਤਾਰਤਾ ਨਾਲ ਆਪਣੀ ਆਵਾਜ਼ ਬੁਲੰਦ ਕੀਤੀ। ਮਈ 2016 ਤੋਂ ਫ਼ਰਵਰੀ 2017 ਤੱਕ ਵਿਦਿਆਰਥੀ ਅਤੇ ਸਮਰਥਕ ਜਥੇਬੰਦੀਆਂ, ਜਿਨ੍ਹਾਂ ਵਿੱਚ ਮਾਈਗ੍ਰੇਂਟ ਵਰਕਰ ਐਸੋਸੀਐਸ਼ਨ, ਯੁਨਾਈਟ ਯੂਨੀਅਨ, ਸੋਸ਼ਲਿਸਟ ਅਓਤੇਆਰੋਆ, ਔਕਲੈਂਡ ਯੂਨੀਟੇਰੀਅਨ ਚਰਚ, ਕੈਥੋਲਿਕ ਚਰਚ, ਇੰਡੀਅਨ ਵਰਕਰ ਐਸੋਸੀਏਸ਼ਨ, ਏਟੂ ਯੂਨੀਅਨ, ਫ਼ਰਸਟ ਯੂਨੀਅਨ, ਨਿਊਜ਼ੀਲੈਂਡ ਕੌਂਸਲ ਆਫ਼ ਟਰੇਡ ਯੂਨੀਅਨਜ਼, ਪੰਥਕ ਵਿਚਾਰ, ਆਜ਼ਾਦ ਰੰਗ ਮੰਚ, ਪੈਸਿਫ਼ਿਕ ਪੈਂਥਰ ਆਦਿ ਸ਼ਾਮਿਲ ਸਨ, ਨੇ ਇੱਕ ਜੁੱਟ ਹੋ ਕੇ ਸਰਕਾਰ ਦੇ ਫੈਸਲੇ ਅਤੇ ਵਿਦਿਆਰਥੀਆਂ ਦੀ ਨਾ ਸੁਣਵਾਈ ਦਾ ਡੱਟ ਕੇ ਤਿੱਖਾ ਵਿਰੋਧ ਕੀਤਾ। ਦਰਜਨਾਂ ਰੋਸ ਮੁਜ਼ਾਹਰੇ ਅਤੇ ਪ੍ਰੈਸ ਮਿਲਣੀਆਂ ਕੀਤੀਆਂ ਗਈਆਂ। ਇਹ ਸੰਘਰਸ਼ ਆਪਣੀ ਚਰਮ ਸੀਮਾ ਤੇ ਉਦੋਂ ਪੁੱਜਾ ਜਦੋਂ ਆਖਰੀ ਪੈਂਤੜਾ ਅਪਣਾਉਂਦਿਆਂ 11 ਵਿਦਿਆਰਥੀਆਂ ਨੇ ਔਕਲੈਂਡ ਯੂਨੀਟੇਰੀਅਨ ਚਰਚ ਵਿੱਚ ਪਨਾਹ ਲੈ ਕੇ ਸਰਕਾਰ ਨੂੰ ਵੰਗਾਰ ਪਾਈ। ਸਰਕਾਰ ਦੇ ਕੰਨ ਤੇ ਜੂੰ ਵੀ ਨਾ ਸਰਕੀ ਅਤੇ ਜਲਦ ਹੀ ਵਿਦਿਆਰਥੀਆਂ ਨੂੰ ਡਿਪੋਰਟ ਕਰ ਭਾਰਤ ਵਾਪਸ ਭੇਜ ਦਿੱਤਾ ਗਿਆ। ਬੇਸ਼ੱਕ ਧੱਕੇ ਨਾਲ ਵਿਦਿਆਰਥੀਆਂ ਨੂੰ ਭਾਰਤ ਵਾਪਸ ਭੇਜ ਦਿੱਤਾ ਗਿਆ ਪਰ ਸਮਰਥਕ ਜਥੇਬੰਦੀਆਂ ਨੇ ਆਪਣਾ ਫ਼ਰਜ਼ ਪਛਾਣਦਿਆਂ ਨਿਊਜ਼ੀਲੈਂਡ ਦੀ ਧਰਤੀ ਤੇ ਸੰਘਰਸ਼ ਨੂੰ ਮੱਠਾ ਨਹੀਂ ਪੈਣ ਦਿੱਤਾ। ਜਥੇਬੰਦੀਆਂ ਵੱਲੋਂ ਸਰਕਾਰ ਅਤੇ ਸਤੰਬਰ 2017 ਵਿੱਚ ਨਵੇਂ ਬਣੇ ਮੰਤਰੀਆਂ ਨੂੰ ਉਹਨਾਂ ਦਾ ਫ਼ਰਜ਼ ਯਾਦ ਕਰਵਾਉਣ ਲਈ ਮਾਰਚ 2017 ਤੋਂ ਹੁਣ ਤੱਕ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਅਖ਼ੀਰ 17 ਅਪ੍ਰੈਲ 2019 ਨੂੰ ਵਿਦਿਆਰਥੀਆਂ ਦੇ ਸੰਘਰਸ਼ ਅੱਗੇ ਝੁਕਦਿਆਂ ਸਰਕਾਰ ਨੂੰ ਇਨਸਾਫ਼ ਦੀ ਮੰਗ ਪੂਰੀ ਕਰਨੀ ਪਈ। ਪਹਿਲੇ ਪੂਰ ਵਿੱਚ 3 ਵਿਦਿਆਰਥੀਆਂ ਨੂੰ ਇੱਕ ਸਾਲ ਦੇ ਵਰਕ ਵੀਜ਼ੇ ਤੇ ਨਿਊਜ਼ੀਲੈਂਡ ਪਰਤਣ ਦੀ ਇਜਾਜ਼ਤ ਮਿਲ ਗਈ ਹੈ।

